## ਪਬਲਿਕ ਨੋਟਿਸ

ਸ੍ਰੀ ਮਲਕੀਤ ਸਿੰਘ, ਸੇਵਾਦਾਰ ਜੋ ਕਿ ਨਿਗਮ ਦੇ ਮੁੱਖ ਦਫਤਰ ਵਿੱਖੇ ਤੈਨਾਤ ਹੈ ਮਿਤੀ 23.8.2017 ਤੋਂ ਬਿਨਾਂ ਸੂਚਨਾ ਦਿੱਤੇ ਡਿਊਟੀ ਤੋਂ ਗੈਰ ਹਾਜਰ ਹੈ। ਦਫਤਰ ਵਿੱਚ ਮੌਜੂਦ ਪਤੇ ਤੇ ਮਿਤੀ 19.12.2017 ਨੂੰ ਦਫਤਰ ਵਿੱਚ ਹਾਜਰ ਹੋਣ ਸਬੰਧੀ ਇਕ ਰਜਿਸਟਰਡ ਪੱਤਰ ਭੇਜਿਆ ਗਿਆ ਸੀ ਜੋ ਕਿ ਪੋਸਟਲ ਅਥੋਰਟੀ ਵੱਲੋਂ ਗਲਤ ਪਤੇ ਦੇ ਰਿਮਾਰਕਸ ਨਾਲ ਵਾਪਸ ਆ ਗਿਆ ਹੈ। ਦਫਤਰ ਤੋਂ ਗੈਰ ਹਾਜਰ ਹੋਣ ਕਾਰਨ ਇਸ ਕਰਮਚਾਰੀ ਨੂੰ ਪੱਤਰ ਨੰ: 22036 ਮਿਤੀ 15.12.2017 ਰਾਹੀਂ ਦੋਸ ਪੱਤਰ ਜਾਰੀ ਕੀਤਾ ਗਿਆ ਪਰ ਇਸ ਦਾ ਦਫਤਰ ਵਿੱਚ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਤੋਂ ਇਲਾਵਾ ਇਸ ਕਰਮਚਾਰੀ ਵਿਰੁੱਧ ਅਨੁਸਾਸਨਿਕ ਕਾਰਵਾਈਆਂ ਦੇ ਵੱਖ-ਵੱਖ ਮਾਮਲੇ ਵਿਚਾਰ ਅਧੀਨ ਹਨ। ਇਸ ਕਰਮਚਾਰੀ ਵੱਲੋਂ ਗੋਇੰਦਵਾਲ ਸਾਹਿਬ ਪੈਟਰੋਲ ਪੰਪ ਵਿੱਖੇ ਤੈਨਾਤੀ ਦੌਰਾਨ ਵਿੱਤੀ ਅਨਿਯਮਿਤਤਾਵਾਂ ਦੇ ਕੇਸ ਵਿੱਚ ਮਿਤੀ 19-06-2017 ਨੂੰ ਦੋਸ ਪੱਤਰ ਜਾਰੀ ਕੀਤਾ ਗਿਆ ਸੀ। ਇਸ ਕਰਮਚਾਰੀ ਵੱਲੋਂ ਦੋਸ ਪੱਤਰ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਉਪਰੰਤ ਇਸ ਵਿਰੁੱਧ ਵਿਭਾਗੀ ਪੜਤਾਲ ਕਰਵਾਈ ਗਈ। ਵਿਭਾਗੀ ਪੜਤਾਲ ਦੌਰਾਨ ਵੀ ਇਹ ਕਰਮਚਾਰੀ ਆਪਣਾ ਪੱਖ ਪੇਸ ਕਰਨ ਲਈ ਹਾਜਰ ਨਹੀਂ ਹੋਇਆ। ਇਸ ਪੜਤਾਲ ਵਿੱਚ ਇਸ ਕਰਮਚਾਰੀ ਵਿਰੁੱਧ ਦੋਸ ਸਿਧ ਕਰ ਦਿੱਤੇ ਗਏ। ਵਿਭਾਗੀ ਪੜਤਾਲ ਦੀ ਕਾਪੀ ਟਿਪਣੀ ਲਈ ਇਸ ਕਰਮਚਾਰੀ ਨੂੰ ਰਜਿਸਟਰਡ ਪੱਤਰ ਮਿਤੀ 15.2.2018 ਰਾਹੀਂ ਦਫਤਰ ਵਿੱਚ ਉਪਲਬਧ ਪਤੇ ਤੇ ਭੇਜੀ ਗਈ ਜੋ ਕਿ ਪੋਸਟਲ ਅਥਾਰਟੀ ਵੱਲੋਂ ਬਿਨਾ ਡਲੀਵਰ ਕੀਤੇ ਵਾਪਸ ਪ੍ਰਾਪਤ ਹੋ ਗਈ। ਇਸ ਉਪਰੰਤ ਇਸ ਕਰਮਚਾਰੀ ਨੂੰ ਸਮਰਥ ਅਧਿਕਾਰੀ ਕੋਲ ਮਿਤੀ 4.4.2018, 26.4.2018, 25.5.2018 ਅਤੇ 5.6.2018 ਨੂੰ ਨਿਜੀ ਤੌਰ ਤੇ ਪੇਸ ਹੋ ਕੇ ਆਪਣਾ ਪੱਖ ਰੱਖਣ ਲਈ ਮੌਕਾ ਦਿਤਾ ਗਿਆ ਪਰ ਇਹ ਕਰਮਚਾਰੀ ਨਾ ਤਾਂ ਨਿੱਜੀ ਤੌਰ ਤੇ ਪੇਸ ਹੋਇਆ ਅਤੇ ਨਾਂ ਹੀ ਇਸ ਵੱਲੋਂ ਕੋਈ ਲਿਖਤੀ ਜਵਾਬ ਪ੍ਰਾਪਤ ਹੋਇਆ। ਇਕ ਹੋਰ ਕੇਸ ਵਿੱਚ ਇਸ ਕਰਮਚਾਰੀ ਨੂੰ ਫੰਡਾਂ ਦੀ 31,271.00 ਰੂਪਏ ਦੀਆਂ ਗੜਬੜੀਆਂ ਦੇ ਕੇਸ ਵਿੱਚ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਜਿਸ ਦਾ ਉਸ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

ਇਸ ਪਬਲਿਕ ਨੋਟਿਸ ਰਾਹੀਂ ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਲੇਟ ਸ੍ਰੀ ਸੁਰਜੀਤ ਸਿੰਘ ਪਿੰਡ ਧੂੰਧਾਂ, ਗੋਇੰਦਵਾਲ ਸਾਹਿਬ, ਤਹਿਸੀਲ ਖਡੂਰ ਸਾਹਿਬ, ਜਿਲਾ ਤਰਨਤਾਰਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 22.8.2018 ਜਾਂ ਉਸ ਤੋਂ ਪਹਿਲਾਂ ਆਪਣੀ ਡਿਊਟੀ ਤੇ ਹਾਜਰ ਹੋਵੇ ਅਤੇ ਉਪਰੋਕਤ ਅਨੁਸਾਸਨਿਕ ਕੇਸਾਂ ਵਿੱਚ ਆਪਣਾ ਪੱਖ ਪੇਸ ਕਰੇ। ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਉਸ ਵਿਰੁੱਧ ਵਿਭਾਗੀ ਰੂਲਾਂ ਅਨੁਸਾਰ ਬਿਨਾਂ ਕਿਸੇ ਹੋਰ ਉਡੀਕ ਤੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

**ਵਧੀਕ ਪ੍ਰਬੰਧਕ ਨਿਰਦੇਸਕ**

Punjab Small Industries & Export Corporation Limited
(A State Govt. Undertaking)
18 Himalyan Marg, Udyog Bhawan, Sector 17-A,
Chandigarh-160017 Phone 270301-306, Fax: 2702039
Email: psiec_chd@yahoo.co.in